“ਤੁਹਾਡੀ ਜੀਭ ਹਮੇਸ਼ਾ ਅੱਲਾਹ ਦੇ ਜ਼ਿਕਰ ਨਾਲ ਭਿਰੀ ਰਹੇ।”

ਅਬਦੁੱਲਾਹ ਬਿਨ ਬੁਸਰ ਰਜ਼ੀਅੱਲਾਹੁ ਅਨਹੁ ਕਹਿੰਦੇ ਹਨ ਕਿ ਇੱਕ ਆਦਮੀ ਰਸੂਲੁੱਲਾਹ صلى الله عليه وسلم ਕੋਲ ਆਇਆ ਅਤੇ ਪੁੱਛਿਆ: “ਹੇ ਅੱਲਾਹ ਦੇ ਰਸੂਲ! ਇਸਲਾਮ ਦੀਆਂ ਸ਼ਰੀਅਤਾਂ ਸਾਡੇ ਲਈ ਬਹੁਤ ਹੋ ਗਈਆਂ ਹਨ। ਕੋਈ ਇੱਕ ਰਾਹ ਹੈ ਜਿਸਨੂੰ ਫੜ ਕੇ ਅਸੀਂ ਸਾਰੀਆਂ ਸ਼ਰੀਅਤਾਂ ਨੂੰ ਪੂਰਾ ਕਰ ਸਕੀਏ?” “ਤੁਹਾਡੀ ਜੀਭ ਹਮੇਸ਼ਾ ਅੱਲਾਹ ਦੇ ਜ਼ਿਕਰ ਨਾਲ ਭਿਰੀ ਰਹੇ।”» ਅਤੇ ਇੱਕ ਰਿਵਾਇਤ ਮੁਆਜ਼ ਬਿਨ ਜਬਾਲ ਰਜ਼ੀਅੱਲਾਹੁ ਅਨਹੁ ਤੋਂ ਹੈ: ਜਦੋਂ
ਮੈਂ ਆਖਰੀ ਵਾਰ ਰਸੂਲੁੱਲਾਹ صلى الله عليه وسلم ਨੂੰ ਛੱਡ ਕੇ ਗਿਆ, ਤਾਂ ਮੈਂ ਪੁੱਛਿਆ: “ਕਿਹੜਾ ਅਮਲ ਸਭ ਤੋਂ ਵਧੀਆ ਹੈ
ਅਤੇ ਅੱਲਾਹ ਦੇ ਨੇੜੇ ਸਭ ਤੋਂ ਨਜ਼ਦੀਕ ਹੈ?”ਉਹਨਾਂ ਨੇ ਫਰਮਾਇਆ: “ਉਹ ਹੈ ਕਿ ਤੁਸੀਂ ਮਰੋ ਅਤੇ ਤੁਹਾਡੀ ਜੀਭ ਹਮੇਸ਼ਾ ਅੱਲਾਹ ਦੇ ਜ਼ਿਕਰ ਨਾਲ ਭਿਰੀ ਰਹੇ।” [صحيح] [رواه أحمد والترمذي وابن ماجه وابن حبان]

ਇੱਕ ਬੰਦੇ ਨੇ ਨਬੀ صلى الله عليه وسلم ਅੱਗੇ ਸ਼ਿਕਾਇਤ ਕੀਤੀ ਕਿ ਉਸ ਨੂੰ ਨਫਲ ਇਬਾਦਤਾਂ ਇੰਨੀਆਂ ਵੱਧ ਲਗਦੀਆਂ ਹਨ ਕਿ ਆਪਣੀ ਕਮਜ਼ੋਰੀ ਕਾਰਨ ਉਨ੍ਹਾਂ ਨੂੰ ਅਦਾ (ਪੂਰਾ) ਨਹੀਂ ਕਰ ਸਕਦਾ। ਫੇਰ ਬੇਨਤੀ ਕੀਤੀ ਕਿ ਆਪ صلى الله عليه وسلم ਉਸ ਨੂੰ ਕੋਈ ਛੋਟਾ ਜਿਹਾ ਅਮਲ ਦੱਸ ਦੇਣ, ਜਿਸ ਨਾਲ ਬਹੁਤ ਜ਼ਿਆਦਾ ਸਵਾਬ (ਪੁੰਨ) ਮਿਲ ਸਕੇ ਅਤੇ ਜਿਸ ਨੂੰ ਉਹ ਮਜ਼ਬੂਤੀ ਨਾਲ ਫੜੀ ਰੱਖੇ। ਸੋ ਅੱਲਾਹ ਦੇ ਰਸੂਲ صلى الله عليه وسلم ਨੇ ਉਸਦਾ ਮਾਰਗਦਰਸ਼ਨ ਕਰਦਿਆਂ ਦੱਸਿਆ ਕਿ ਉਸ ਦੀ ਜ਼ਬਾਨ ਹਮੇਸ਼ਾ ਅੱਲਾਹ ਤਆਲਾ ਦੇ ਜ਼ਿਕਰ ਨਾਲ ਤਰ ਰਹੇ (ਭਰੀ ਰਹੇ) ਅਤੇ ਹਰ ਵੇਲੇ ਤੇ ਹਰ ਹਾਲ ਵਿੱਚ ਉਹ ਅੱਲਾਹ ਦੇ ਜ਼ਿਕਰ ਵਿੱਚ ਰੁਝਿਆ ਰਹੇ। ਜ਼ਿਕਰ ਕਰਨ ਵਿੱਚ ਸੁਬਹਾਨ ਅੱਲਾਹ, ਅਲਹਮਦੁ ਲਿੱਲਾਹ, ਅੱਲਾਹੁ ਅਕਬਰ, ਅਸਤਗ ਫ਼ਿਰੁੱਲਾਹ ਅਤੇ ਹੋਰ ਦੁਆਵਾਂ ਆਦਿ ਸ਼ਾਮਲ ਹਨ।

https://sunnah.global/hadeeth/pa/show/66541